# ਓਂਟਾਰੀਓ ਵਿਚ ਜ਼ਿੰਦਾ ਗੁਰਦਾ ਦਾਨੀ ਬਣਨਾ

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

ਜ਼ਿੰਦਾ ਗੁਰਦਾ ਦਾਨੀ ਉਹ ਵਿਅਕਤੀ ਹੈ ਜੋ ਆਪ ਅਜੇ ਜ਼ਿੰਦਾ ਹੈ ਅਤੇ ਟ੍ਰਾਂਸਪਲਾਂਟ ਲਈ ਗੁਰਦਾ ਲੋੜਵੰਦ ਵਿਅਕਤੀ ਨੂੰ ਦੀਂਦਾ ਹੈ। ਕਿਸੇ ਨੂੰ ਗੁਰਦਾ ਦਾਨ ਕਰਨਾ ਇੱਕ ਬਹੁਤ ਵੱਡਾ ਫੈਸਲਾ ਹੈ।

## ਦਾਨ ਕੀਤੇ ਜ਼ਿੰਦਾ ਗੁਰਦੇ ਦੇ ਕੀ ਫ਼ਾਇਦੇ ਹਨ?

- ਮੁਰਦਾ ਦਾਨੀਆਂ ਦੇ ਗੁਰਦਿਆਂ ਨਾਲੋਂ ਜ਼ਿੰਦਾ ਦਾਨੀਆਂ ਦੇ ਗੁਰਦੇ ਜ਼ਿਆਦਾ ਦੇਰ ਚੱਲਦੇ ਹਨ।
- ਮੁਰਦਾ ਦਾਨੀ ਦੇ ਗੁਰਦੇ ਦੀ ਇੰਤਜ਼ਾਰ ਕਰਨ ਨਾਲੋਂ ਜ਼ਿੰਦਾ ਗੁਰਦੇ ਦਾ ਟ੍ਰਾਂਸਪਲਾਂਟ ਬਹੁਤ ਜਲਦੀ ਹੋ ਜਾਂਦਾ ਹੈ। ਗੁਰਦਾ ਫੇਲ੍ਹ ਹੋਏ ਵਿਅਕਤੀ ਦਾ ਡਾਇਲਸਿਸ ਸ਼ੁਰੂ ਕਰਨ ਤੋਂ ਹੀ ਟ੍ਰਾਂਸਪਲਾਂਟ ਹੋ ਸਕਦਾ ਹੈ।
- ਟ੍ਰਾਂਸਪਲਾਂਟ ਸਰਜਰੀ ਐਸੇ ਸਮੇਂ ਨਿਸ਼ਚਿਤ ਕੀਤੀ ਜਾ ਸਕਦੀ ਹੈ ਜਦੋਂ ਮਰੀਜ਼ ਅਤੇ ਗੁਰਦਾ ਦਾਨੀ ਅੱਛੀ ਸਹਿਤ ਵਿਚ ਹਨ।

## ਮੈਨੂੰ ਕਿਵੇਂ ਪਤਾ ਲੱਗੇ ਕਿ ਮੈਂ ਗੁਰਦਾ ਦਾਨ ਕਰ ਸਕਦਾ ਹਾਂ?

ਇਹ ਯਕੀਨੀ ਤੌਰ ਤੇ ਜਾਣਨ ਲਈ ਕਿ ਤੁਸੀ ਗੁਰਦਾ ਦਾਨ ਕਰ ਸਕਦੇ ਹੋ ਇਸ ਲਈ ਲਵਿੰਗ ਕਿਡਨੀ ਡੋਨਰ ਪ੍ਰੋਗਰਾਮ ਵੱਲੋਂ ਕਿਡਨੀ ਟ੍ਰਾਂਸਪਲਾਂਟ ਸੈਂਟਰ ਵਿਚ ਤੁਹਾਡੇ ਵਿਸਤ੍ਰਿਤ ਮੈਡੀਕਲ ਟੈਸਟ ਹੋਣਗੇ। ਉਹ ਲਵਿੰਗ ਕਿਡਨੀ ਡੋਨੇਸ਼ਨ ਅਤੇ ਕਿਡਨੀ ਟ੍ਰਾਂਸਪਲਾਂਟ ਵਿਚ ਮਾਹਿਰ ਹੁੰਦੇ ਹਨ।

ਜ਼ਿੰਦਾ ਗੁਰਦਾ ਦਾਨੀ ਹੋਣ ਲਈ ਇਹ ਗੱਲਾਂ ਸਹੀ ਹੋਣੀਆਂ ਜ਼ਰੂਰੀ ਹਨ:

- ਤੁਹਾਡੀ ਉਮਰ ਘੱਟੋ ਘੱਟ 18 ਸਾਲ ਦੀ ਹੋਣੀ ਚਾਹੀਦੀ ਹੈ।
- ਤੁਹਾਨੂੰ:
  - ਗੁਰਦਿਆਂ ਦੀ ਬਿਮਾਰੀ ਨਹੀ ਹੋਣੀ ਚਾਹੀਦੀ
  - ਸ਼ੂਗਰ ਜਾਂ ਸ਼ੂਗਰ ਲਈ ਦਵਾਈਆਂ ਨਹੀ ਲੈਂਦੇ ਹੋਣਾ ਚਾਹੀਦਾ
  - ਦਿਲ ਦੀ ਬਿਮਾਰੀ ਜਾਂ ਪਹਿਲਾਂ ਹਾਰਟ ਅਟੈਕ ਜਾਂ ਸਟਰੋਕ ਨਹੀ ਹੋਇਆ ਹੋਣਾ ਚਾਹੀਦਾ
  - ਕੈਂਸਰ (ਮਾਮੂਲੀ ਚਮੜੀ ਦੇ ਕੈਂਸਰ ਤੋਂ ਇਲਾਵਾ) ਜੋ ਅਜੇ ਠੀਕ ਨਹੀਂ ਹੋਇਆ
- ਗੁਰਦਾ ਦਾਨ ਕਰਨ ਲਈ ਤੁਹਾਡੇ ਤੇ ਕਿਸੇ ਵੱਲੋਂ ਕੋਈ ਦਬਾਅ ਜਾਂ ਪੈਸੇ ਤਾਂ ਨਹੀ ਦੱਿਤੇ ਜਾ ਰਹੇ

ਇਹ ਜ਼ਰੂਰੀ ਨਹੀ ਕਿ ਜਿਸ ਨੂੰ ਤੁਸੀ ਗੁਰਦਾ ਦਾਨ ਕਰ ਰਹੇ ਹੋ ਤੁਸੀ ਉਸ ਦੇ ਰਿਸ਼ਤੇਦਾਰ ਹੋਵੋ ਪਰ ਜੇ ਤੁਸੀ ਸਿੱਧੇ ਉਸ ਵਿਅਕਤੀ ਨੂੰ ਗੁਰਦਾ ਦਾਨ ਕਰ ਰਹੇ ਹੋ ਤਾਂ ਤੁਹਾਡਾ ਖ਼ੂਨ ਉਸ ਨਾਲ ਮੇਲ ਖਾਣਾ ਚਾਹੀਦਾ ਹੈ। ਜੇ ਕਰ ਤੁਹਾਡਾ ਖ਼ੂਨ ਮੇਲ ਨਹੀ ਖਾਂਦਾ ਤਾਂ ਵੀ ਤਰੀਕਾ ਹੈ ਕਿ ਗੁਰਦਾ ਟ੍ਰਾਂਸਪਲਾਂਟ ਕੀਤਾ ਜਾਏ (ਦੇਖੋ ਜ਼ਿੰਦਾ ਦਾਨੀ ਹੋਣ ਦੇ ਤਰੀਕੇ)।

## ਇਹ ਫ਼ੈਸਲਾ ਕਰਨ ਲਈ ਕਿ ਤੁਸੀ ਗੁਰਦਾ ਦਾਨ ਕਰ ਸਕਦੇ ਹੋ ਤੁਹਾਡੀ ਸਮੁੱਚੀ ਸਹਿਤ ਦੇ ਹਿੱਸੇ ਵਜੋਂ ਕਈ ਚੀਜ਼ਾਂ ਵੀ ਦੇਖੀਆਂ ਜਾਣਗੀਆਂ।

ਤੁਹਾਡਾ ਜ਼ਿੰਦਾ ਗੁਰਦਾ ਦਾਨ ਪ੍ਰੋਗਰਾਮ ਹੇਠ ਲਿਖੀਆਂ ਚੀਜ਼ਾਂ ਦੇਖੇਗਾ:

- **ਤੁਹਾਡੀ ਉਮਰ** - ਦਾਨੀ ਬਣਨ ਲਈ ਉਮਰ ਦੀ ਕੋਈ ਉੱਪਰਲੀ ਸੀਮਾ ਨਹੀ। ਬਜ਼ੁਰਗਾਂ ਲਈ ਖ਼ਾਸਕਰ ਸਹਿਤਮੰਦ ਜ਼ਿੰਦਾ ਬਜ਼ੁਰਗਾਂ ਦਾ ਗੁਰਦਾ ਜ਼ਿਆਦਾ ਚੰਗਾ ਕੰਮ ਕਰਦਾ ਹੈ। ਜੇ ਤੁਸੀ 75 ਸਾਲਾਂ ਤੋਂ ਵੱਧ ਉਮਰ ਦੇ ਹੋ ਤਾਂ ਤੁਹਾਨੂੰ ਸਹਿਤ ਦੀਆਂ ਕੁੱਝ ਹੋਰ ਮੁਸ਼ਕਲਾਂ ਗੁਰਦਾ ਦਾਨ ਕਰਨ ਤੋਂ ਰੋਕ ਸਕਦੀਆਂ ਹਨ।
- **ਤੁਹਾਡਾ ਭਾਰ** - ਜੇ ਤੁਹਾਡਾ ਭਾਰ ਜ਼ਿਆਦਾ ਹੈ ਤਾਂ ਤੁਹਾਡੇ ਸਰੀਰ ਦੀ ਸਰਜਰੀ ਔਖੀ ਹੋ ਸਕਦੀ ਹੈ। ਜ਼ਿਆਦਾ ਭਾਰ ਕਾਰਨ ਤੁਹਾਨੂੰ ਸਹਿਤ ਦੀਆਂ ਲੰਮੀ ਅਵਧੀ ਦੀਆਂ ਸਹਿਤ ਸਮੱਸਿਆਵਾਂ ਜਿਵੇਂ ਕਿ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਗੁਰਦੇ ਦੀ ਬਿਮਾਰੀ ਹੋ ਸਕਦੀ ਹੈ। ਜੇ ਤੁਹਾਡਾ ਭਾਰ ਬਹੁਤ ਜ਼ਿਆਦਾ ਹੈ ਤਾਂ ਤੁਸੀ ਭਾਰ ਘੱਟ ਕਰ ਲਵੋ ਨਹੀ ਤਾਂ ਜ਼ਿੰਦਾ ਅੰਗ ਦਾਨੀ ਡਾਕਟਰ ਤੁਹਾਡੇ ਗੁਰਦੇ ਦੇ ਦਾਨ ਨੂੰ ਨਾਂਹ ਕਰ ਸਕਦਾ ਹੈ।
- **ਜੇ ਤੁਸੀ ਸਿਗਰਟ ਪੀਂਦੇ ਹੋ** - ਜੋ ਲੋਕ ਸਿਗਰਟ ਪੀਂਦੇ ਹਨ ਉਨ੍ਹਾਂ ਦਾ ਗੁਰਦਾ ਦਾਨ ਸਮੇਂ ਅਤੇ ਭਵਿੱਖ ਵਿਚ ਗੜਬੜ ਹੋਣ ਦੇ ਜ਼ਿਆਦਾ ਚਾਂਸ ਹਨ। ਜ਼ਿੰਦਾ ਗੁਰਦਾ ਦਾਨ ਪ੍ਰੋਗਰਾਮ ਵਿਚ ਕਈ ਵਾਰ ਸਿਗਰਟ ਪੀਣ ਵਾਲਿਆਂ ਤੇ ਵਿਚਾਰ ਕੀਤੀ ਜਾ ਸਕਦੀ ਹੈ ਪਰ ਚੰਗਾ ਹੋਵੇ ਜੇ ਤੁਸੀ ਪਹਿਲਾਂ ਹੀ ਸਿਗਰਟ ਪੀਣੀ ਬੰਦ ਕਰ ਦਿਓ।
- **ਬਲੱਡ ਪ੍ਰੈਸ਼ਰ ਹਾਈ ਹੈ** - ਜੇ ਤੁਹਾਡਾ ਵੱਧ ਬਲੱਡ ਪ੍ਰੈਸ਼ਰ ਜੀਵਨ ਸ਼ੈਲੀ ਵਿਚ ਤਬਦੀਲੀ ਜਾਂ ਦਵਾਈਆਂ ਨਾਲ ਕੰਟਰੋਲ ਵਿਚ ਹੈ ਅਤੇ ਹਾਈ ਬਲੱਡ ਪ੍ਰੈਸ਼ਰ ਨੇ ਕਿਸੇ ਅੰਗ ਨੂੰ ਖ਼ਰਾਬ ਨਹੀ ਕੀਤਾ ਤਾਂ ਤੁਸੀ ਅੰਗ ਦਾਨੀ ਬਣ ਸਕਦੇ ਹੋ।
- **ਗੁਰਦੇ ਵਿਚ ਪਥਰੀ** - ਜੇ ਤੁਹਾਡੇ ਗੁਰਦੇ ਵਿਚ ਪਥਰੀ ਹੈ ਜਾਂ ਪਹਿਲਾਂ ਕਦੀ ਸੀ ਤਾਂ ਤੁਹਾਡਾ ਜ਼ਿੰਦਾ ਅੰਗ ਦਾਨ ਵਾਲਾ ਡਾਕਟਰ ਇਹ ਫ਼ੈਸਲਾ ਕਰਨ ਲਈ ਕਿ ਤੁਸੀ ਦਾਨ ਕਰ ਸਕਦੇ ਹੋ ਤੁਹਾਡਾ ਮੈਡੀਕਲ ਰਕਿਾਰਡ ਅਤੇ ਟੈਸਟ ਬੜੇ ਧਿਆਨ ਨਾਲ ਦੇਖੇਗਾ।
- **ਤੁਹਾਡੇ ਗੁਰਦੇ ਕਿਸ ਤਰ੍ਹਾਂ ਕੰਮ ਕਰ ਰਹੇ ਹਨ** - ਇਹ ਸੁਨਿਸ਼ਚਿਤ ਕਰਨ ਲਈ ਕਿ ਟ੍ਰਾਂਸਪਲਾਂਟ ਤੋਂ ਬਾਅਦ ਤੁਹਾਡਾ ਅਤੇ ਦਾਨੀ ਦਾ ਗੁਰਦਾ ਕਾਫੀ ਕੰਮ ਕਰ ਸਕਣਗੇ ਤੁਹਾਡੇ ਜ਼ਿੰਦਾ ਗੁਰਦਾ ਦਾਨ ਪ੍ਰੋਗਰਾਮ ਵੱਲੋਂ ਕੁੱਝ ਟੈਸਟ ਕੀਤੇ ਜਾਣਗੇ। ਗੁਰਦਾ ਦਾਨ ਕਰਨ ਤੋਂ ਬਾਅਦ ਤੁਹਾਡੇ ਗੁਰਦੇ ਦੀ ਸਮਰੱਥਾ 25%-40% ਘਟ ਜਾਏਗੀ। ਤੁਹਾਡਾ ਦੂਜਾ ਗੁਰਦਾ ਇਸ ਘਾਟ ਨੂੰ ਕੁੱਝ ਕੁ ਪੂਰਾ ਕਰ ਦੇਵੇਗਾ।

ਜੋ ਵਿਅਕਤੀ ਓਂਟਾਰੀਓ ਦੇ ਮਰੀਜ਼ ਨੂੰ ਅੰਗ ਦਾਨ ਕਰਦਾ ਹੈ ਉਹ ਅੰਗ ਦਾਨ ਦੀ ਪ੍ਰਕਰਿਆਿ ਦੇ ਹਿੱਸੇ ਵਜੋਂ ਆਪਣੇ ਖਰਚੇ ਕਲੇਮ ਕਰ ਸਕਦਾ ਹੈ। ਖਰਚੇ ਕਲੇਮ ਕਰਨ ਦੇ ਪ੍ਰੋਗਰਾਮ PRELOD ਦਾ ਵੇਰਵਾ Trillium Gift of Life Network website. ਵਿਚ ਦੱਿਤਾ ਹੋਇਆ ਹੈ।

## ਓਂਟਾਰੀਓ ਵਿਚ ਜ਼ਿੰਦਾ ਦਾਨ ਕਰਨ ਦੇ ਕਈ ਤਰੀਕੇ ਹਨ:

- ਐਸੇ ਵਿਅਕਤੀ ਨੂੰ ਗੁਰਦਾ ਦਾਨ ਕਰੋ ਜਿਸ ਨੂੰ ਤੁਸੀ ਜਾਣਦੇ ਹੋ ਕਿ ਉਹ ਟ੍ਰਾਂਸਪਲਾਂਟ ਲਈ ਇੰਤਜ਼ਾਰ ਕਰ ਰਿਹਾ ਹੈ
- ਕੈਨੇਡੀਅਨ ਕਿਡਨੀ ਪੇਅਰਡ ਡੋਨੇਸ਼ਨ ਪ੍ਰੋਗਰਾਮ ਨੂੰ ਗੁਰਦਾ ਦਾਨ ਕਰੋ
- ਆਪਣਾ ਗੁਰਦਾ ਆਪਣੇ ਲੋਕਲ ਟ੍ਰਾਂਸਪਲਾਂਟ ਪ੍ਰੋਗਰਾਮ ਵਿਚ ਲਵਿੰਗ ਡੋਨਰ ਪੇਅਰ ਪ੍ਰੋਗਰਾਮ ਅਧੀਨ ਕਿਸੇ ਨੂੰ ਦਾਨ ਕਰੋ ਜਾਂ ਓਂਟਾਰੀਓ ਦੀ ਵੇਟਿੰਗ ਲਿਸਟ ਤੇ ਸਭ ਤੋਂ ਉੱਪਰਲੇ ਜ਼ਰੂਰਤਮੰਦ ਵਿਅਕਤੀ ਨੂੰ ਦਾਨ ਕਰੋ

Ontario Health
Trillium Gift of Life Network

Ontario Health
Ontario Renal Network

## ਹਾਡਾ ਲਵਿੰਗਿ ਕਡਿਨੀ ਡੋਨਰ ਪ੍ਰੋਗਰਾਮ ਤੁਹਾਡੇ ਨਾਲ ਮਲਿ ਕੇ ਤੁਹਾਡੇ ਲਈ ਵਧੀਆ ਵਕਿਲਪ ਲੱਭ ਸਕਦਾ ਹੈ

## ਕੈਨੇਡੀਅਨ ਕਡਿਨੀ ਪੇਅਰਡ ਡੋਨੇਸ਼ਨ ਪ੍ਰੋਗਰਾਮ ਕੀ ਹੈ?

ਕੈਨੇਡੀਅਨ ਕਡਿਨੀ ਪੇਅਰਡ ਡੋਨੇਸ਼ਨ ਪ੍ਰੋਗਰਾਮ ਦੇਸ਼ ਵਆਿਪੀ ਗੁਰਦੇ ਬਦਲਣ ਦਾ ਪ੍ਰੋਗਰਾਮ ਹੈ ਜੋ ਦਾਨੀ ਅਤੇ ਮਰੀਜ਼ ਦੀ ਮਦਦ ਕਰਦਾ ਹੈ ਜਦ ਦਾਨੀ ਦਾ ਗੁਰਦਾ ਮਰੀਜ਼ ਨਾਲ ਮੇਲ ਨਹੀ ਖਾਂਦਾ ਅਤੇ ਹੋਰ ਗੁਰਦੇ ਦਾ ਪਤਾ ਕਰਦਾ ਹੈ। ਇਸ ਵਚਿ ਦੋ ਦਾਨੀਆਂ ਨੂੰ ਗੁਰਦੇ ਆਪਸ ਵਚਿ "ਬਦਲਣ" ਦੀ ਇਜਾਜ਼ਤ ਦੀਂਦਾ ਹੈ ਅਤੇ ਦੋ ਜ਼ਰੂਰਤਮੰਦ ਮਰੀਜ਼ਾਂ ਨੂੰ ਮੇਲ ਖਾਂਦੇ ਗੁਰਦੇ ਮਲਿ ਜਾਂਦੇ ਹਨ।

ਹੋਰ ਜ਼ਆਿਦਾ ਜਾਣਕਾਰੀ ਲਈ ਇਹ ਦੇਖੋ:

blood.ca/en/organs-tissues/living-organ-donation/kidney-paired-donation

## ਜੇ ਮੈਂ ਗੁਰਦਾ ਦਾਨ ਕਰਨ ਬਾਰੇ ਮਨ ਬਦਲ ਲਵਾਂ ਤਾਂ?

ਤੁਸੀ ਇਸ ਪਰਕ੍ਰਆਿ ਦੌਰਾਨ ਦਾਨ ਕਰਨ ਤੋਂ ਆਪਣਾ ਮਨ ਕਦੀ ਵੀ ਬਦਲ ਸਕਦੇ ਹੋ। ਜੇ ਤੁਸੀ ਮਨ ਬਦਲਦੇ ਹੋ ਤਾਂ ਤੁਹਾਨੂੰ ਕੋਈ ਕਾਰਨ ਦੱਸਣ ਦੀ ਲੋੜ ਨਹੀ ਕ ਿਦਾਨ ਕਉਿਂ ਨਹੀ ਕਰ ਰਹੇ। ਤੁਹਾਡਾ ਗੁਰਦਾ ਲੈਣ ਵਾਲੇ ਸੰਭਾਵੀ ਮਰੀਜ਼ ਨੂੰ ਤੁਹਾਡੀ ਇੱਛਾ ਬਾਰੇ ਨਹੀ ਦੱਸਆਿ ਜਾਏਗਾ ਅਤੇ ਲਵਿੰਗਿ ਕਡਿਨੀ ਡੋਨਰ ਪ੍ਰੋਗਰਾਮ ਤੁਹਾਡੇ ਫ਼ੈਸਲੇ ਦੀ ਮਦਦ ਕਰੇਗਾ।

## ਇੱਕ ਸੰਭਾਵੀ ਦਾਨੀ ਵਜੋਂ ਤੁਹਾਡਾ ਸ਼ਾਮਲ ਹੋਣਾ ਨੱਜੀ ਹੈ ਅਤੇ ਤੁਸੀ ਆਪਣਾ ਮਨ ਕਦੀ ਵੀ ਬਦਲ ਸਕਦੇ ਹੋ।

ਜੇ ਜ਼ੰਿਦਾ ਗੁਰਦਾ ਦਾਨ ਬਾਰੇ ਤੁਹਾਨੂੰ ਜ਼ਆਿਦਾ ਜਾਣਕਾਰੀ ਚਾਹੀਦੀ ਹੈ ਤਾਂ ਲੋਕਲ ਜ਼ੰਿਦਾ ਗੁਰਦਾ ਦਾਨ ਪ੍ਰੋਗਰਾਮ ਨੂੰ ਮਲਿੋ ਜਾਂ ਇਹ ਦੇਖੋ:
ontariorenalnetwork.ca/transplantationresources

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

- ਜ਼ੰਿਦਾ ਗੁਰਦਾ ਦਾਨੀ ਦੀ ਸਹਿਤ ਚੰਗੀ ਹੋਣੀ ਚਾਹੀਦੀ ਹੈ। ਜ਼ੰਿਦਾ ਗੁਰਦਾ ਦਾਨ ਪ੍ਰੋਗਰਾਮ ਇਹ ਸੁਨਸ਼ਿਚਤਿ ਕਰਨਾ ਚਾਹੁੰਦਾ ਹੈ ਕ ਿਦਾਨ ਤੋਂ ਬਾਅਦ ਗੁਰਦਾ ਦਾਨੀ ਨੂੰ ਘੱਟ ਤੋਂ ਘੱਟ ਤਕਲੀਫ਼ਾਂ ਹੋਣ।
- ਜ਼ੰਿਦਾ ਗੁਰਦਾ ਦਾਨ ਪ੍ਰੋਗਰਾਮ ਵਚਿ ਕਈ ਟੈਂਸਟ ਕਰ ਕੇ ਸੁਨਸ਼ਿਚਤਿ ਕੀਤਾ ਜਾਏਗਾ ਕ ਿਦਾਨੀ ਲਈ ਅਤੇ ਜਸਿ ਮਰੀਜ਼ ਨੂੰ ਦਾਨ ਕੀਤਾ ਗੁਰਦਾ ਮਲਿ ਰਹਿਾ ਹੈ ਦਾਨ ਸੁਰੱਖਅਿਤ ਹੈ।
- ਇੱਕ ਜ਼ੰਿਦਾ ਦਾਨੀ ਬਣਨ ਲਈ ਸਾਰੇ ਟੈਂਸਟ ਕਰਵਾਉਣ ਵਚਿ 3-6 ਮਹੀਨੇ ਲੱਗ ਜਾਂਦੇ ਹਨ। ਕੁੱਝ ਹਾਲਤਾਂ ਵਚਿ ਜੇ ਜ਼ਆਿਦਾ ਟੈਂਸਟਾਂ ਦੀ ਲੋੜ ਹੋਵੇ ਤਾਂ ਇੱਕ ਸਾਲ ਤੱਕ ਲੱਗ ਸਕਦਾ ਹੈ।
- ਇੱਕ ਮਰੀਜ਼ ਦੇ ਗੁਰਦੇ ਲਈ ਆਮ ਤੌਰ ਤੇ ਠੀਕ ਦਾਨੀ ਲੱਭਣ ਲਈ ਕਈ ਵਅਿਕਤੀਆਂ ਦੇ ਟੈਂਸਟ ਕੀਤੇ ਜਾਂਦੇ ਹਨ। ਜੇ ਤੁਸੀ ਦਾਨੀ ਬਣਨਾ ਚਾਹੁੰਦੇ ਹੋ ਤਾਂ ਸਹਿਤ ਵਸ਼ਿੇਸ਼ੱਗ ਨਾਲ ਗਲ ਬਾਤ ਕਰਨ ਲਈ ਲੋਕਲ ਜ਼ੰਿਦਾ ਗੁਰਦਾ ਦਾਨੀ ਪ੍ਰੋਗਰਾਮ ਨੂੰ ਸੰਪਰਕ ਕਰੋ

**ਇਹ ਉਨ੍ਹਾਂ ਕਦਮਾਂ ਦਾ ਵਰਣਨ ਹੈ ਜੋ ਗੁਰਦਾ ਦਾਨ ਸਮੇਂ ਲਏ ਜਾਣਗੇ। ਕਈ ਵਾਰ ਦਾਨ ਲੇਟ ਹੋ ਸਕਦਾ ਹੈ ਜੇ ਕਰ ਮਰੀਜ਼ ਸਰਜਰੀ ਲਈ ਤਆਿਰ ਨਾ ਹੋਵੇ। ਜੇ ਐਸਾ ਹੋਵੇ ਤਾਂ ਕੁੱਝ ਕੁ ਟੈਂਸਟ ਸਰਜਰੀ ਤੋਂ ਪਹਲਿਾਂ ਦੁਬਾਰਾ ਕਰਨੇ ਪੈਣਗੇ। ਤੁਹਾਡਾ ਜ਼ੰਿਦਾ ਗੁਰਦਾ ਦਾਨ ਪ੍ਰੋਗਰਾਮ ਤੁਹਾਨੂੰ ਹਾਲਤ ਬਾਰੇ ਜਾਣੂ ਕਰਵਾਏਗਾ।**

### 1 ਸਕ੍ਰੀਨੰਿਗ

- ਡੋਨਰ ਦੀ ਸਕ੍ਰੀਨੰਿਗ ਸ਼ੁਰੂ ਕਰਨ ਲਈ ਜ਼ੰਿਦਾ ਗੁਰਦਾ ਦਾਨ ਪ੍ਰੋਗਰਾਮ ਨੂੰ ਸੰਪਰਕ ਕਰੋ।
- ਸਹਿਤ ਬਾਰੇ ਸਵਾਲ ਨਾਮਾ ਭਰੋ।
- ਜੇ ਤੁਹਾਡਾ ਸਵਾਲ ਨਾਮਾ ਠੀਕ ਹੈ ਤਾਂ ਤੁਸੀ ਅਗਲੇ ਕਦਮ ਵੱਲ ਵਧੋ।

### 2 ਟੈਂਸਟ ਅਤੇ ਮੁਲਾਕਾਤਾਂ

- ਤੁਹਾਡੇ ਕਈ ਟੈਂਸਟ ਹੋਣਗੇ ਜਸਿ ਵਚਿ ਖ਼ੂਨ ਅਤੇ ਪਸ਼ਿਾਬ ਦਾ ਟੈਂਸਟ ਅਤੇ ਐਕਸਰੇ ਅਤੇ ਸੀ.ਟੀ. ਸਕੈਨ ਵਗ਼ੈਰਾ ਸ਼ਾਮਲ ਹਨ।
- ਤੁਹਾਡੇ ਲਈ ਸਫ਼ਿਾਰਸ਼ ਕੀਤੀ ਕੈਂਸਰ ਦੀ ਸਕ੍ਰੀਨੰਿਗ ਅੱਪ ਟੂ ਡੇਟ ਹੋਣੀ ਚਾਹੀਦੀ ਹੈ।
- ਤੁਹਾਡੀ ਇਨ੍ਹਾਂ ਨਾਲ ਮੁਲਾਕਾਤ ਹੋਵੇਗੀ:
  - ਲਵਿੰਗਿ ਕਡਿਨੀ ਡੋਨਰ ਕੁਆਰਡੀਨੇਟਰ
  - ਗੁਰਦਾ ਵਸ਼ਿੇਸ਼ੱਗ
  - ਟ੍ਰਾਂਸਪਲਾਂਟ ਸਰਜਨ
  - ਸਮਾਜ ਸੇਵਕ/ਸਾਈਕੋਸੋਸ਼ਲ ਪੇਸ਼ਾਵਰ
  - ਲੋੜ ਅਨੁਸਾਰ ਹੋਰ ਮਾਹਰਿ

### 3 ਗੁਰਦਾ ਦਾਨ ਕਰਨਾ

- ਗੁਰਦਾ ਦਾਨ ਕਰਨ ਲਈ ਤੁਹਾਡੀ ਸਰਜਰੀ ਹੋਵੇਗੀ।
- ਓਪਰੇਸ਼ਨ ਕਮਰੇ ਦੀ ਉਪਲਬਧਤਾ ਅਤੇ ਗੁਰਦਾ ਦਾਨੀ ਅਤੇ ਗੁਰਦਾ ਲੈਣ ਵਾਲੇ ਲਈ ਬਹਿਤਰ ਸਮੇਂ ਮੁਤਾਬਕਿ ਤੁਹਾਡੀ ਸਰਜਰੀ ਪਲੈਨ ਕੀਤੀ ਜਾਏਗੀ।

### 4 ਗੁਰਦਾ ਦਾਨ ਤੋਂ ਬਾਅਦ

- ਇਹ ਸੁਨਸ਼ਿਚਤਿ ਕਰਨ ਲਈ ਕ ਿਸਰਜਰੀ ਠੀਕ ਠਾਕ ਹੋ ਗਈ ਹੈ ਜ਼ੰਿਦਾ ਗੁਰਦਾ ਦਾਨ ਪ੍ਰੋਗਰਾਮ ਸਰਜਰੀ ਤੋਂ ਬਾਅਦ ਤੁਹਾਡੀ ਸਹਿਤਯਾਬੀ ਦਾ ਧਆਿਨ ਕਰੇਗਾ।
- ਆਪਣੀ ਸਹਿਤ ਦੇ ਮੁਆਇਨੇ ਲਈ ਸਾਲ ਵਚਿ ਇੱਕ ਵਾਰ ਬੰਦਾ ਗੁਰਦਾ ਦਾਨ ਪ੍ਰੋਗਰਾਮ ਜਾਂ ਆਪਣੇ ਪਰਵਾਰਕ ਡਾਕਟਰ ਨੂੰ ਮਲਿੋ।

**ਓਂਟਾਰੀਓ ਰੀਨਲ ਨੈੱਟਵਰਕ ਬਾਰੇ ਹੋਰ ਜ਼ਆਿਦਾ ਜਾਣਕਾਰੀ ਲਈ ਕਰਿਪਾ ਕਰ ਕੇ ਦੇਖੋ: ontariorenalnetwork.ca**

**ਉਪਲਬਧ ਫਾਰਮੈਟ ਤੇ ਜਾਣਕਾਰੀ ਚਾਹੀਦੀ ਹੈ ਤਾਂ ਇੱਥੇ ਦੇਖੋ?**

1-877-280-8538, TTY 1-800-855-0511, info@ontariohealth.ca CQ-ORN5015